Government of South Australia

# ਦੱਖਣੀ ਆਸਟ੍ਰੇਲੀਆਈ ਬਹੁ-ਸੱਭਿਆਚਾਰਕ ਚਾਰਟਰ

ਦੱਖਣੀ ਆਸਟ੍ਰੇਲੀਅਨ ਮਲਟੀਕਲਚਰਲਿਜ਼ਮ ਕਾਨੂੰਨ 2021 ਬਹੁ-ਸੱਭਿਆਚਾਰਵਾਦ ਅਤੇ ਅੰਤਰ-ਸੱਭਿਆਚਾਰਕਤਾਵਾਦ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਦੱਖਣੀ ਆਸਟ੍ਰੇਲੀਆਈ ਬਹੁ-ਸੱਭਿਆਚਾਰਕ ਚਾਰਟਰ ਮੁਹਈਆ ਕਰਦਾ ਹੈ। ਚਾਰਟਰ ਦੱਖਣੀ ਆਸਟ੍ਰੇਲੀਅਨ ਏਜੰਸੀਆਂ, ਸੰਗਠਨਾਂ, ਸੰਸਥਾਵਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਮੁੱਚੇ ਦੱਖਣੀ ਆਸਟ੍ਰੇਲੀਆ ਦੀਆਂ ਨੀਤੀਆਂ ਦੇ ਵਿਕਾਸ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਬਣਤਰ ਅਤੇ ਡਿਲੀਵਰੀ ਲਈ ਬੁਨਿਆਦ ਵਜੋਂ ਇੱਕ ਟੀਚਾ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗਾ।

**ਦੱਖਣੀ ਆਸਟ੍ਰੇਲੀਆਈ ਬਹੁ-ਸੱਭਿਆਚਾਰਕ ਚਾਰਟਰ ਮਾਨਤਾ ਦਿੰਦਾ ਹੈ:**

- ਦੱਖਣੀ ਆਸਟ੍ਰੇਲੀਆ ਵਿੱਚ ਜ਼ਮੀਨ ਅਤੇ ਪਾਣੀ ਦੇ ਪਰੰਪਰਾਗਤ ਮਾਲਕਾਂ ਅਤੇ ਨਿਵਾਸੀਆਂ ਦੇ ਰੂਪ ਵਿੱਚ, ਐਬਓਰੀਜਿਨਲ (ਆਦਿਵਾਸੀ) ਲੋਕਾਂ ਨੂੰ, ਜਿਨ੍ਹਾਂ ਨੇ ਦੱਖਣੀ ਔਸਟ੍ਰੇਲਿਆ ਵਿੱਚ ਆਪਣੇ ਸੱਭਿਆਚਾਰਕ ਅਤੇ ਵਿਰਾਸਤੀ ਵਿਸ਼ਵਾਸਾਂ ਨੂੰ, ਸਭ ਤੋਂ ਲੰਬੇ ਸਮੇਂ ਤੱਕ ਜਿਉਂਦੇ ਰੱਖੇ ਗਏ ਇੱਕ ਭਿੰਨ ਸੱਭਿਆਚਾਰ ਵਜੋਂ ਕਾਇਮ ਰੱਖਿਆ ਹੈ ਅਤੇ ਉਸਨੂੰ ਵਿਕਸਿਤ ਕਰਨਾ ਜਾਰੀ ਰੱਖਿਆ ਹੈ, ਅਤੇ ਉਹ ਦੱਖਣੀ ਆਸਟ੍ਰੇਲੀਆ ਦੇ First Nations people (ਮੂਲ ਨਿਵਾਸੀ) ਹੋਣ ਦੀ ਇੱਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਅਤੇ ਨਿਰੰਤਰ ਭੂਮਿਕਾ ਨਿਭਾ ਰਹੇ ਹਨ।
- ਸਾਡੇ ਤੋਂ ਪਹਿਲਾਂ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਉਪਲਬਧੀਆਂ ਅਤੇ ਚੁਣੌਤੀਆਂ ਨੂੰ, ਅਤੇ ਉਨ੍ਹਾਂ ਨੂੰ, ਜਿਨ੍ਹਾਂ ਨੇ ਨਵੇਂ ਅਤੇ ਉੱਭਰ ਰਹੇ ਭਾਈਚਾਰਿਆਂ ਦੇ ਨਾਲ ਰਲ਼-ਮਿਲ ਕੇ, ਦੱਖਣੀ ਆਸਟ੍ਰੇਲੀਆ ਦੀ ਪਛਾਣ ਨੂੰ ਇੱਕ ਆਕਾਰ ਦੇਣ ਵਿੱਚ ਸਹਾਇਤਾ ਕੀਤੀ ਹੈ।

**ਇਹ ਚਾਰਟਰ ਸਾਰੇ ਦੱਖਣੀ ਆਸਟ੍ਰੇਲੀਆਈ ਲੋਕਾਂ ਲਈ ਹੈ ਅਤੇ ਕੋਸ਼ਿਸ਼ ਕਰਦਾ ਹੈ ਕਿ:**

- ਸੱਭਿਆਚਾਰਕ, ਭਾਸ਼ਾਈ, ਨਸਲੀ ਅਤੇ ਧਾਰਮਿਕ ਵਿਭਿੰਨਤਾ ਨੂੰ ਮਾਨਤਾ ਦੇ ਕੇ ਸਾਡੇ ਭਾਈਚਾਰੇ ਨੂੰ ਜੋੜਿਆ ਜਾਵੇ।
- ਇੱਕ ਅਜਿਹਾ ਮਾਹੌਲ ਬਣਾਇਆ ਜਾਵੇ ਜਿਸ ਵਿੱਚ ਗਿਆਨ, ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਸਰਗਰਮੀ ਨਾਲ ਪ੍ਰਗਟ ਕੀਤਾ ਜਾ ਸਕੇ ਅਤੇ ਉਨ੍ਹਾਂ ਦਾ ਆਦਾਨ-ਪ੍ਰਦਾਨ ਕੀਤਾ ਜਾ ਸਕੇ, ਤਾਂ ਜੋ ਸਾਰੇ ਦੱਖਣੀ ਆਸਟ੍ਰੇਲੀਆਈ ਲੋਕ ਸਾਡੀਆਂ ਕਈ ਸਾਰੀਆਂ ਵਿਭਿੰਨਤਾਵਾਂ ਅਤੇ ਉਨ੍ਹਾਂ ਦੇ ਮੁੱਲ ਦੇ ਪ੍ਰਤੀ ਇੱਕ ਡੂੰਘੀ ਸਮਝ ਅਤੇ ਸਤਿਕਾਰ ਵਿਕਸਿਤ ਕਰ ਸਕਣ।
- ਬਹੁ-ਸੱਭਿਆਚਾਰਕ ਨੀਤੀਆਂ ਦੇ ਵਿਕਾਸ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਬੁਨਿਆਦ ਦਿੱਤੀ ਜਾਵੇ, ਜਿਸ ਨਾਲ ਸਾਡੇ ਭਾਈਚਾਰਿਆਂ ਨੂੰ ਲਾਭ ਪਹੁੰਚੇਗਾ ਅਤੇ ਜੋ ਸਾਡੇ ਰਾਜ ਨੂੰ ਤਰੱਕੀ ਵੱਲ ਲੈ ਜਾਵੇਗਾ।
- ਸਾਰੇ ਦੱਖਣੀ ਆਸਟ੍ਰੇਲੀਆਈ ਲੋਕਾਂ ਦੇ ਲਈ ਸਮਾਵੇਸ਼ੀ ਅਤੇ ਜਵਾਬਦੇਹ ਕਾਰਜ ਸਥਾਨਾਂ ਅਤੇ ਭਾਈਚਾਰਿਆਂ ਨੂੰ ਹੱਲਾਸ਼ੇਰੀ ਦਿੱਤੀ ਜਾਵੇ।

## ਚਾਰਟਰ ਦੇ ਸਿਧਾਂਤ

ਦੱਖਣੀ ਆਸਟ੍ਰੇਲੀਆਈ ਬਹੁ-ਸੱਭਿਆਚਾਰਕ ਚਾਰਟਰ ਉਨ੍ਹਾਂ ਸਿਧਾਂਤਾਂ ਨੂੰ ਨਿਰਧਾਰਤ ਕਰਦਾ ਹੈ ਜਿਸ ਦੁਆਰਾ ਸਾਰੇ ਦੱਖਣੀ ਆਸਟ੍ਰੇਲੀਆਈ ਲੋਕੀ:

1. ਸੱਭਿਆਚਾਰਕ, ਭਾਸ਼ਾਈ, ਨਸਲੀ ਅਤੇ ਧਾਰਮਿਕ ਵਿਭਿੰਨਤਾ ਨੂੰ ਪਛਾਣਨ, ਉਸਦਾ ਸਤਿਕਾਰ ਕਰਨ, ਉਸਦਾ ਮੁੱਲ ਪਛਾਣਨ ਅਤੇ ਇਹ ਜਾਣਨ ਕਿ ਇਨ੍ਹਾਂ ਨੇ ਸਾਡੇ ਰਾਜ ਵਿੱਚ ਕੀ ਯੋਗਦਾਨ ਪਾਇਆ ਹੈ, ਅਤੇ ਅੱਗੇ ਵੀ ਯੋਗਦਾਨ ਦੇ ਰਹੇ ਹਨ।
2. ਸੱਭਿਆਚਾਰਕ, ਭਾਸ਼ਾਈ, ਨਸਲੀ ਅਤੇ ਧਾਰਮਿਕ ਵਿਭਿੰਨਤਾ ਦੇ ਸਾਡੇ ਗਿਆਨ ਅਤੇ ਸਮਝ ਬਾਰੇ ਆਪਸੀ ਅਦਾਨ-ਪ੍ਰਦਾਨ ਵਿੱਚ ਹਿੱਸਾ ਲੈਣ, ਅਜਿਹਾ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।
3. ਸਮਾਜ ਵਿੱਚ ਰਹਿ ਸਕਣ, ਕੰਮ ਕਰ ਸਕਣ ਅਤੇ ਪੜ੍ਹਾਈ ਲਿਖਾਈ ਕਰ ਸਕਣ ਜਿਸ ਨਾਲ ਇੱਕ ਜੋੜਵੇਂ ਸਮਾਜ ਦੇ ਸਾਰੇ ਪਹਿਲੂਆਂ ਵਿੱਚ ਵੱਧ-ਫੁੱਲ ਸਕਣ।
4. ਸੱਭਿਆਚਾਰਕ, ਭਾਸ਼ਾਈ, ਨਸਲੀ ਅਤੇ ਧਾਰਮਿਕ ਪਿਛੋਕੜ ਦੇ ਆਧਾਰ 'ਤੇ ਆਪਸੀ ਸਤਿਕਾਰ, ਸਮਝ, ਨਿਰਪੱਖਤਾ, ਸੁਰੱਖਿਆ ਅਤੇ ਭੇਦਭਾਵ-ਮੁਕਤ ਰਹਿਣ ਦਾ ਅਧਿਕਾਰ ਰੱਖ ਸਕਣ।
5. ਕਾਨੂੰਨੀ ਤੌਰ 'ਤੇ ਆਪਣੀ ਸੱਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਵਿਭਿੰਨਤਾ ਨੂੰ ਸੁਰੱਖਿਅਤ ਰੱਖ ਸਕਣ, ਪ੍ਰਗਟ ਕਰ ਸਕਣ, ਅਭਿਆਸ ਕਰ ਸਕਣ ਅਤੇ ਉਸਦਾ ਜਸ਼ਨ ਮਨਾਉਣ ਦੇ ਯੋਗ ਹੋਣ।
6. ਉਨ੍ਹਾਂ ਨੂੰ ਅਜਿਹੇ ਮੌਕਿਆਂ ਅਤੇ ਸੇਵਾਵਾਂ ਤੱਕ ਬਰਾਬਰ ਦੀ ਪਹੁੰਚ ਮਿਲੇ, ਜੋ ਸਾਡੇ ਰਾਜ ਦੇ ਵਿਦਿਅਕ, ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਜੀਵਨ ਵਿੱਚ ਹਿੱਸਾ ਲੈਣ ਦਾ ਸਮਰਥਨ ਕਰਦੀਆਂ ਹਨ।

Honourable Peter Malinauskas MP
Premier of South Australia

Honourable Zoe Bettison MP
Minister for Multicultural Affairs

Damien Walker
Chief Executive
Department of the Premier and Cabinet